ਆਰ.ਬੀ.ਆਈ/2006-2007/310

ਡੀ.ਬੀ.ਓ.ਡੀ. ਨੰ: ਐਲਈਜੀ. ਬੀ.ਸੀ. 75/09.07.005/2006-07

5 ਅਪ੍ਰੈਲ, 2007

15 ਚੇਤ, 1929(ਸ਼ਕ)

ਸਾਰੇ ਅਨੁਸੂਚਿਤ ਵਪਾਰਕ ਬੈਂਕ

(ਖੇਤਰੀ ਪੇਂਡੂ ਬੈਂਕਾਂ ਨੂੰ ਛੱਡ ਕੇ)

ਸ਼੍ਰੀਮਾਨ ਜੀ,

ਇਕੱਲੇ ਜਮ੍ਹਾਂ ਖ਼ਾਤਿਆਂ ਵਿਚ ਨਾਮਾਂਕਨ ਸੁਵਿਧਾ

ਕਿਰਪਾ ਕਰਕੇ ਉਪਰੋਕਤ ਵਿਸ਼ੇ ਤੇ 9 ਜੂਨ, 2005 ਦੇ ਸਾਡੇ ਅਧਿਸੂਚਨਾ ਪੱਤਰ ਡੀ.ਬੀ.ਓ.ਡੀ. ਨੰ: ਬੀ.ਸੀ. 95/09.07.005/2004-05 ਦਾ ਪੈਰਾ 9 ਦੇਖੋ ਜਿਸ ਵਿਚ ਬੈਂਕਾਂ ਨੂੰ ਸੂਚਿਤ ਕੀਤਾ ਗਿਆ ਸੀ ਕਿ ਉਹ ਨਾਮਾਂਕਨ ਸੁਵਿਧਾ ਅਤੇ ਉਤਰਜੀਵਿਤਾ ਖੰਡ ਦੇ ਲਾਭ ਦਾ ਵਿਆਪਕ ਪ੍ਰਚਾਰ ਕਰਨ ਅਤੇ ਜਮ੍ਹਾਂ ਖਾਤਾ ਧਾਰਕਾਂ ਦਾ ਇਸ ਸਬੰਧ ਵਿਚ ਮਾਰਗ-ਦਰਸ਼ਨ ਕਰਨ। ਸਾਨੂੰ ਅਜਿਹਾ ਲਗਦਾ ਹੈ ਕਿ ਇਸ ਸਬੰਧ ਵਿਚ ਕੀਤੇ ਗਏ ਉਚਤਮ ਕੋਸ਼ਿਸ਼ਾਂ ਦੇ ਬਾਵਜੂਦ, ਬੈਂਕ ਹੁਣ ਵੀ ਨਾਮਾਂਕਨ ਦੇ ਬਿਨਾਂ ਇਕੱਲੇ ਜਮ੍ਹਾਂ ਖਾਤੇ ਖੋਲਦੇ ਹੋਣਗੇ।

2. ਅਸੀਂ ਸੂਚਿਤ ਕਰਦੇ ਹਾਂ ਕਿ ਹਾਲ ਵਿਚ ਗੁਜ਼ਰਾਤ ਉਚ ਅਦਾਲਤ, ਅਹਿਮਦਾਬਾਦ ਦੇ ਸਾਹਮਣੇ ਇਕ ਮਾਮਲਾ ਆਇਆ ਜਿਸ ਵਿਚ ਇਕ ਬੈਂਕ ਨੇ ਸਰਕਾਰੀ ਖ਼ਾਤੇ ਵਿਚ ਜਮ੍ਹਾਂ ਕਰਨ ਲਈ ਅੰਸ਼ਕ ਰੁਪਏ ਵਿਚ ਦਿੱਤੇ ਡਰਾਫ਼ਟ ਨੂੰ ਵਸੂਲੀ ਲਈ ਪੇਸ਼ ਕਰਨ ਵਿਚ ਲੈਣ ਤੋਂ ਇਨਕਾਰ ਕਰ ਦਿੱਤਾ। ਗੁਜ਼ਰਾਤ ਉਚ ਅਦਾਲਤ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਭਾਰਤੀ ਰਿਜ਼ਰਵ

ਬੈਂਕ ਨੂੰ ਇਹ ਨਿਦੇਸ਼ ਦਿੱਤਾ ਹੈ ਕਿ ਇਸ ਸਬੰਧ ਵਿਚ ਉਪਰੋਕਤ ਪਹਿਲੇ ਪੈਰ੍ਹੇ ਵਿਚ ਸ਼ਾਮਲ ਵਿਸਤਾਰਪੂਰਕ ਅਨੁਦੇਸ਼ਾਂ ਨੂੰ ਧਿਆਨ ਵਿਚ ਰੱਖਦੇ ਹੋਏ ਵਿਧੀ ਦੇ ਅਨੁਸਾਰ ਉਚਿਤ ਕਦਮ ਉਠਾਏ ਜਾਣ ਅਤੇ ਜੇਕਰ ਜ਼ਰੂਰੀ ਹੋਵੇ ਤਾਂ ਉਨ੍ਹਾਂ ਸਾਰੇ ਬੈਂਕਾਂ ਨੂੰ, ਜਿਨ੍ਹਾਂ ਨੇ ਅਜਿਹੇ ਚੈਕ ਆਦਿ ਨਹੀਂ ਲੈਣ ਲਈ ਅੰਦਰੂਨੀ ਅਧਿਸੂਚਨਾ ਜਾਰੀ ਕੀਤੇ ਹਨ, ਨਵੀਂ ਅਧਿਸੂਚਨਾ/ਸੂਚਨਾ ਜਾਰੀ ਕੀਤੀ ਜਾਵੇ ਅਤੇ ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਅੰਸ਼ਕ ਰੁਪਏ ਵਿਚ ਦਿੱਤੇ ਚੈਕਾਂ/ਡਰਾਫ਼ਟਾਂ ਨੂੰ ਲੈਣ ਤੋਂ ਇਨਕਾਰ ਕਰਨ ਵਾਲਿਆਂ ਦੇ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਂਦੀ ਹੈ। ਇਸ ਲਈ ਬੈਂਕਾਂ ਨੂੰ ਇਹ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਉਹ ਇਹ ਸੁਨਿਸ਼ਚਿਤ ਕਰਨ ਕਿ ਗਾਹਕਾਂ ਦੁਆਰਾ ਅੰਸ਼ਕ ਰੁਪਏ ਵਿਚ ਭੇਜੇ ਚੈਕ/ਡਰਾਫ਼ਟ ਉਨ੍ਹਾਂ ਵਲੋਂ ਨਾ-ਮਨਜ਼ੂਰ ਜਾਂ ਲੈਣ ਤੋਂ ਇਨਕਾਰ ਨਹੀਂ ਕੀਤੇ ਜਾਂਦੇ ਹਨ। ਬੈਂਕ ਇਸ ਸਬੰਧ ਵਿਚ ਅਪਣੀ ਕਾਰਜਵਿਧੀ ਦੀ ਵੀ ਪੜਤਾਲ ਕਰਨ ਅਤੇ ਅੰਦਰੂਰੀ ਅਧਿਸੂਚਨਾ ਆਦਿ ਜਾਰੀ ਕਰਕੇ ਜ਼ਰੂਰੀ ਕਦਮ ਉਠਾਉਂਦੇ ਹੋਏ ਸਬੰਧਤ ਅਮਲੇ ਨੂੰ ਇਨ੍ਹਾਂ ਅਨੁਦੇਸ਼ਾਂ ਤੋਂ ਭਲੀ-ਭਾਂਤ ਜਾਣੂੰ ਕਰਵਾਉਣ ਤਾਂਕਿ ਆਮ ਜਨਤਾ ਨੂੰ ਕਠਿਨਾਈ ਨਾ ਹੋਵੇ। ਬੈਂਕ ਇਹ ਵੀ ਸੁਨਿਸ਼ਚਿਤ ਕਰਨ ਕਿ ਉਨ੍ਹਾਂ ਅਮਲਾ ਕਰਮਚਾਰੀਆਂ ਵਿਰੁੱਧ ਉਚਿਤ ਕਾਰਵਾਈ ਕੀਤੀ ਜਾਂਦੀ ਹੈ ਜਿਨ੍ਹਾਂ ਨੇ ਅੰਸ਼ਕ ਰੁਪਏ ਵਾਲੇ ਚੈਕਾਂ/ਡਰਾਫ਼ਟਾਂ ਨੂੰ ਲੈਣ ਤੋਂ ਇਨਕਾਰ ਕੀਤਾ ਹੈ।

3. ਕਿਰਪਾ ਕਰਕੇ ਨੋਟ ਕਰੋ ਕਿ ਉਪਰੋਕਤ ਅਨੁਦੇਸ਼ਾਂ ਦਾ ਉਲੰਘਣ ਕਰਨ ਵਾਲੇ ਬੈਂਕ ਨੂੰ ਬੈਂਕਕਾਰੀ ਵਿਨਿਯਮਨ ਅਧਿਨਿਯਮ, 1949 ਦੇ ਖੰਡਾਂ ਦੇ ਅੰਤਰਗਤ ਸਜ਼ਾਯੋਗ ਕੀਤਾ ਜਾ ਸਕਦਾ ਹੈ।

*ਹਿਤੂ,*

*(ਪੀ. ਵਿਜੈ ਭਾਸਕਰ),*

*ਮੁੱਖ ਮਹਾਂਪ੍ਰਬੰਧਕ*